
8th Dec. 2000

## ਵੰਨ-ਸੁਵੰਨ

# ਯੂਨੀਵਰਸਿਟੀ ਯੁਵਕ ਮੇਲਿਆਂ ਦੀ ਪੰਜਾਬੀ ਨਾਟਕ ਨੂੰ ਦੇਣ

## ਕਲਾ ਤੇ ਜ਼ਿੰਦਗੀ



ਗੁਰਸ਼ਰਨ ਸਿੰਘ

ਪਿਛਲੇ 40 ਸਾਲਾਂ ਤੋਂ ਪੰਜਾਬ ਵਿਚ ਨਾਟਕ ਦੇ ਵਿਕਾਸ ਵਿਚ ਯੂਨੀਵਰਸਿਟੀ ਯੁਵਕ ਮੇਲਿਆਂ ਦੀ ਇਕ ਅਹਿਮ ਭੂਮਿਕਾ ਰਹੀ ਹੈ। ਪੰਜਾਬੀ ਨਾਟਕ ਦੇ ਸਮਕਾਲੀ ਇਤਿਹਾਸ ਦੇ ਪ੍ਰਸੰਗ ਵਿਚ ਇਸ ਭੂਮਿਕਾ ਦਾ ਜ਼ਿਕਰ ਕਰਨਾ ਬਣਦਾ ਹੈ। ਇਹ ਨਾਟਕ ਸਰਗਰਮੀ ਨਵੰਬਰ ਤੋਂ ਲੈ ਕੇ ਫਰਵਰੀ ਤਕ ਜਾਰੀ ਰਹਿੰਦੀ ਹੈ। ਪਹਿਲੇ ਹਰ ਯੂਨੀਵਰਸਿਟੀ ਦੇ ਜ਼ੋਨਲ ਮੁਕਾਬਲੇ ਹੁੰਦੇ ਹਨ ਫੇਰ ਇੰਟਰਜ਼ੋਨ ਹੁੰਦੇ ਹਨ। ਫੇਰ ਪੰਜਾਬ ਦੀਆਂ ਚਾਰੇ ਯੂਨੀਵਰਸਿਟੀਆਂ ਦੇ ਇੰਟਰਵਰਸਿਟੀ ਹੁੰਦੇ ਹਨ ਅਤੇ ਫੇਰ ਭਾਰਤ ਪੱਧਰ 'ਤੇ ਵੀ ਹੁੰਦੇ ਹਨ। ਚੰਗੇ ਤੋਂ ਚੰਗਾ ਅਤੇ ਆਧੁਨਿਕ ਤਕਨੀਕਾਂ ਨੂੰ ਵਰਤਦੇ ਹੋਏ ਵਧੀਆ ਨਾਟਕ ਹੁੰਦੇ ਹਨ। ਭਾਵੇਂ ਨਾਟਕਾਂ ਦੇ ਵਿਸ਼ੇ ਜਿਹੜੇ ਚੁਣੇ ਹੁੰਦੇ ਹਨ ਉਨ੍ਹਾਂ ਬਾਰੇ ਕਿੰਤੂ ਉਠਾਣਾ ਬਣਦਾ ਹੈ। ਲੋਕਾਂ ਦੇ ਦੁੱਖ ਅਤੇ ਉਨ੍ਹਾਂ ਦੀਆਂ ਪੀੜਾਂ ਨੂੰ ਸਪਸ਼ਟ ਤੌਰ 'ਤੇ ਪੇਸ਼ ਕਰਨ ਵਿਚ ਹਮੇਸ਼ਾ ਸੰਕੋਚ ਵਰਤਿਆ ਜਾਂਦਾ ਹੈ। ਇਸ ਦਾ ਵੱਡਾ ਕਾਰਨ ਹੈ ਕਿ ਮੁਕਾਬਲੇ ਦੀਆਂ ਸ਼ਰਤਾਂ ਵਿਚ ਇਹ ਦਰਜ ਹੁੰਦਾ ਹੈ ਕਿ ਸਿਆਸੀ ਟਿੱਪਣੀ ਤੋਂ ਗੁਰੇਜ਼ ਕੀਤਾ ਜਾਏ।

ਯੂਨੀਵਰਸਿਟੀ ਯੁਵਕ ਮੇਲਿਆਂ ਦੀ ਮੇਰੀ ਪਹਿਲੀ ਯਾਦ 1955 ਦੀ ਹੈ। ਅੰਮ੍ਰਿਤਸਰ ਵਿਚ ਗਾਂਧੀ ਗਰਾਊਂਡ ਦੀ ਇਕ ਨੁੱਕਰ ਵਿਚ ਪੰਜਾਬ ਯੂਨੀਵਰਸਿਟੀ ਵਲੋਂ ਇਕ ਓਪਨ ਏਅਰ ਥੀਏਟਰ ਉਸਾਰਿਆ ਗਿਆ ਸੀ। ਇਹ ਯੁਵਕ ਵਿਕਾਸ ਦੀ ਇਕ ਸਕੀਮ ਅਧੀਨ ਉਸਾਰਿਆ ਗਿਆ ਸੀ। ਅੰਮ੍ਰਿਤਸਰ ਦੇ ਕਾਲਜਾਂ ਦੀ ਇਕ ਸਾਂਝੀ ਕਮੇਟੀ ਉਹਦੀ ਦੇਖਭਾਲ ਕਰਦੀ ਸੀ। ਹਿੰਦੂ ਸਭਾ ਕਾਲਜ ਦੇ ਪ੍ਰੋ. ਮਲਹੋਤਰਾ ਉਹਦੇ ਸੈਕਟਰੀ ਹੁੰਦੇ ਸਨ। ਯੂਨੀਵਰਸਿਟੀ ਯੁਵਕ ਲਹਿਰ ਦੀ ਇਹ ਥੀਏਟਰ ਇਕ ਇਤਿਹਾਸਕ ਦੇਣ ਸੀ। ਇਹ ਓਪਨ ਏਅਰ ਥੀਏਟਰ ਬਾਅਦ ਵਿਚ ਅੰਮ੍ਰਿਤਸਰ ਨਾਟਕ ਕਲਾ ਕੇਂਦਰ ਦਾ ਵੀ ਕੇਂਦਰ ਬਣਿਆ। ਬਲਰਾਜ ਸਾਹਨੀ ਨੇ ਆਪਣਾ ਪਹਿਲਾ ਇਕ ਪਾਤਰੀ ਨਾਟਕ 'ਉਪਰਲੀ ਮੰਜ਼ਿਲ' ਵੀ ਇਸੇ ਥੀਏਟਰ ਵਿਚ 1967 ਵਿਚ ਪੇਸ਼ ਕੀਤਾ। ਇਸ ਥੀਏਟਰ ਦਾ ਜ਼ਿਕਰ ਕਰਨਾ ਇਸ ਲਈ ਵੀ ਬਣਦਾ ਹੈ ਕਿ ਪੰਜਾਬ ਵਿਚ ਇਹ ਪਹਿਲਾ ਖੁੱਲ੍ਹਾ ਰੰਗਮੰਚ ਸੀ, ਜੋ ਕਿਸੇ ਵਿਉਂਤ ਨਾਲ ਉਸਾਰਿਆ ਗਿਆ। ਵੱਡੀ ਸਟੇਜ, ਪਰਦਾ ਦਿੰਦੀਆਂ ਹੋਈਆਂ ਦੋਨੋਂ ਪਾਸੇ ਕੰਧਾਂ, ਥੱਲੇ ਮੈਦਾਨ ਜਿਸ ਦੀ ਬਾਕਾਇਦਾ ਢਲਵਾਨ ਸੀ ਅਤੇ ਪਿੱਛੇ ਸਟੇਡੀਅਮ ਵਰਗੀਆਂ ਪੌੜੀਆਂ। ਇਸ ਥੀਏਟਰ ਵਿਚ ਇਕ ਹਜ਼ਾਰ ਦਰਸ਼ਕ ਬੜੀ ਅਸਾਨੀ ਨਾਲ ਬੈਠ ਸਕਦੇ ਸਨ ਅਤੇ ਹਰ ਨੁੱਕਰ ਤੋਂ ਸਟੇਜ ਬੜੀ ਚੰਗੀ ਤਰ੍ਹਾਂ ਦਿੱਸਦੀ ਸੀ। ਇਸ ਸ਼ਾਨਦਾਰ ਥੀਏਟਰ ਦੀ ਹੁਣ ਹੋਂਦ ਨਹੀਂ ਰਹੀ। ਸਾਂਭੇ ਨਾ ਜਾਣ ਕਰਕੇ ਇਹ ਹੁਣ ਗਾਂਧੀ ਗਰਾਊਂਡ ਵਿਚ ਖੇਡਦੇ ਖਿਡਾਰੀਆਂ ਲਈ ਜੰਗਲ ਪਾਣੀ ਦੀ ਥਾਂ ਹੀ ਰਹਿ ਗਈ ਹੈ। ਪਿੱਛੇ ਜਿਹੇ ਮੈਂ ਜਦੋਂ ਅੰਮ੍ਰਿਤਸਰ ਗਿਆ ਤਾਂ ਮੈਂ ਆਪਣੇ ਅਥਰੂ ਨਾ ਰੋਕ ਸਕਿਆ ਕਿਉਂਕਿ ਇਹੀ ਥਾਂ ਸੀ ਜਿਥੇ ਲੂਣਾ ਵਰਗੇ, ਆਲ੍ਹਣਾ ਤੀਲੋਤੀਲ, ਗੋਦੋ ਦੀ ਉਡੀਕ, ਕੱਚਾ ਘੜਾ ਅਤੇ ਆਧੇ ਅਧੂਰੇ ਵਰਗੇ ਨਾਟਕਾਂ ਨੇ ਜਨਮ ਲਿਆ ਸੀ।

ਮੈਂ 1955 ਵਿਚ ਜਦੋਂ ਇਹ ਯੁਵਕ ਮੇਲਾ ਵੇਖਿਆ, ਮੈਂ ਆਪ ਉਸ ਵੇਲੇ ਨਾਟਕ ਖੇਤਰ ਵਿਚ ਨਹੀਂ ਆਇਆ ਸੀ। ਉਸ ਵੇਲੇ ਭਾਖੜਾ ਨੰਗਲ ਕੰਮ ਕਰਦਾ ਸਾਂ। ਇਸ ਮੇਲੇ ਲਈ ਵਿਸ਼ੇਸ਼ ਤੌਰ 'ਤੇ ਅੰਮ੍ਰਿਤਸਰ ਆਇਆ ਸਾਂ। ਉਸ ਵੇਲੇ ਨਾ ਹੀ ਪੰਜਾਬੀ ਯੂਨੀਵਰਸਿਟੀ ਪਟਿਆਲਾ ਅਤੇ ਨਾ ਹੀ ਗੁਰੂ ਨਾਨਕ ਦੇਵ ਯੂਨੀਵਰਸਿਟੀ ਹੋਂਦ ਵਿਚ ਆਏ ਸਨ। ਤਿੰਨ ਨਾਟਕ ਇਕ ਰਾਤ ਹੋਏ। ਮੈਡੀਕਲ ਕਾਲਜ ਅੰਮ੍ਰਿਤਸਰ, ਖਾਲਸਾ ਕਾਲਜ ਅੰਮ੍ਰਿਤਸਰ ਅਤੇ ਹਿੰਦੂ ਸਭਾ ਕਾਲਜ ਅੰਮ੍ਰਿਤਸਰ ਵਲੋਂ ਖੇਡੇ ਗਏ। ਤਿੰਨੋ ਨਾਟਕ ਵੱਖ ਵੱਖ ਕਿਸਮ ਦੇ ਸਨ। ਮੈਡੀਕਲ ਕਾਲਜ ਦਾ ਨਾਟਕ ਡਾ. ਪ੍ਰਿਥੀਪਾਲ ਸਿੰਘ ਮੈਨੀ ਦੀ ਨਿਰਦੇਸ਼ਨਾ ਥਲੇ ਸੀ। ਉਹ ਖਾਲਸਾ ਕਾਲਜ ਮੇਰੇ ਹਮਜਮਾਤੀ ਰਹੇ ਸਨ ਅਤੇ ਅਗਾਂਹਵਧੂ ਸੋਚ ਕਰਕੇ ਜਾਣੇ ਜਾਂਦੇ ਸਨ। ਉਨ੍ਹਾਂ ਦਾ ਨਾਟਕ 'ਚਿੜੀਆ ਘਰ' ਸੀ। ਚਿੜੀਆ ਘਰ ਵਿਚ ਪਿੰਜਰੇ ਵਿਚ ਬੰਦ ਕੋਈ ਜਾਨਵਰ ਨਹੀਂ ਸਨ, ਸਗੋਂ ਵੱਖ ਵੱਖ ਖਸਲਤਾਂ ਅਤੇ ਪੇਸ਼ਿਆਂ ਵਾਲੇ ਮਨੁੱਖ ਸਨ। ਇਕ ਲੂੰਬੜ, ਗਿੱਦੜ, ਬਘਿਆੜ ਆਪਣੇ ਬੱਚਿਆਂ ਨਾਲ ਚਿੜੀਆ ਘਰ ਵੇਖਣ ਆਏ ਹਨ ਅਤੇ ਪਿੰਜਰੇ ਵਿਚ ਬੰਦ ਡਾਕਟਰ, ਸਾਇੰਸਦਾਨ, ਲੇਖਕ ਆਦਿ ਬਾਰੇ ਆਪਣੇ ਬੱਚਿਆਂ ਨੂੰ ਸਮਝਾ ਰਹੇ ਹਨ। ਲੇਖਣੀ ਕ੍ਰਿਸ਼ਨ ਚੰਦਰ ਦੀ ਸੀ। ਸਾਰੇ ਸਮਾਜ ਉਤੇ ਇਹ ਨਾਟਕ ਬੜੀ ਹੀ ਤਿੱਖੀ ਟਿੱਪਣੀ ਸੀ। ਅੱਜ ਦੇ ਮਨੁੱਖ ਦਾ ਸਵਾਰਥੀ ਹੋਣਾ ਅਤੇ ਥੋੜ੍ਹੇ ਜਿਹੇ ਲਾਭ ਲਈ ਸਾਰੀ ਹੀ ਮਨੁੱਖਤਾ ਨੂੰ ਮਾਰ ਦੇਣ ਦੀਆਂ ਵਿਉਂਤਾਂ ਬਣਾਉਣ ਵਿਚ ਸ਼ਾਮਲ ਹੋਣਾ ਅਤੇ ਹੋਰ ਵੀ ਬਹੁਤ ਕੁਝ ਇਸ ਨਾਟਕ ਵਿਚ ਸੀ। ਨਾਟਕੀ ਮੁਹਾਵਰੇ ਦਾ ਪੂਰਾ ਪੂਰਾ ਖਿਆਲ ਨਿਰਦੇਸ਼ਕ ਨੇ ਰੱਖਿਆ ਸੀ ਅਤੇ 35 ਮਿੰਟ ਦੇ ਮਿੱਥੇ ਸਮੇਂ ਵਿਚ ਹੀ ਸਭ ਕੁਝ ਕਿਹਾ ਸੀ। ਇਹ ਨਾਟਕ ਵੇਖ ਕੇ ਮੈਨੂੰ ਨਾਟਕ ਕਲਾ ਦੀ ਸ਼ਕਤੀ ਦਾ ਪੂਰੀ ਤਰ੍ਹਾਂ ਅਹਿਸਾਸ ਹੋਇਆ। ਆਉਣ ਵਾਲੇ ਸਮੇਂ ਵਿਚ ਮੈਡੀਕਲ ਕਾਲਜ ਦੇ ਵਿਦਿਆਰਥੀਆਂ ਨੇ ਸਖਤ ਰੁਝੇਵਿਆਂ ਦੇ ਹੁੰਦਿਆਂ ਵੀ ਚੰਗੇ ਤੋਂ ਚੰਗੇ ਨਾਟਕ ਪੇਸ਼ ਕੀਤੇ। ਉਨ੍ਹਾਂ ਨੂੰ ਇਕ ਸਹੂਲਤ ਸੀ ਕਿ ਉਨ੍ਹਾਂ ਦੀਆਂ ਕੁੜੀਆਂ ਕਲਾਕਾਰ ਕਾਫੀ ਖੁੱਲ੍ਹ ਕੇ ਆਪਣੀ ਅਦਾਕਾਰੀ ਕਰਦੀਆਂ ਸਨ। ਸਾਗਰ ਸਰਹੱਦੀ ਦਾ ਨਾਟਕ 'ਮਸੀਹਾ' (ਵੰਡ ਦੇ ਦੁਖਾਂਤ ਨੂੰ ਕਲਾਸਕੀ ਰੰਗ ਵਿਚ ਪੇਸ਼ ਕਰਦਾ ਇਕ ਨਾਟਕ) ਮੈਡੀਕਲ ਕਾਲਜ ਦੀ ਹੀ ਸਟੇਜ 'ਤੇ ਦੇਣ ਹੈ।

1955 ਦੇ ਯੁਵਕ ਨਾਟਕ ਮੇਲੇ ਤੇ ਦੂਜਾ ਨਾਟਕ ਪ੍ਰੋ. ਗੁਰਦਿਆਲ ਸਿੰਘ ਫੁੱਲ ਦਾ ਬੈਂਕ ਸੀ, ਜੋ ਖਾਲਸਾ ਕਾਲਜ ਵਲੋਂ ਪੇਸ਼ ਹੋਇਆ। ਇਹ ਇਕ ਬਜ਼ੁਰਗ ਦਾ ਦੁਖਾਂਤ ਸੀ ਜਿਸ ਨੇ ਜਵਾਨੀ ਵੇਲੇ ਆਪਣਾ ਤਨ, ਮਨ, ਧੰਨ ਸਾਰਾ ਆਪਣੇ ਪੁੱਤਰ 'ਤੇ ਲਗਾ ਦਿੱਤਾ, ਇਹ ਸਮਝਕੇ ਕਿ ਇਹ ਬੈਂਕ ਹੈ, ਜਿਸ ਵਿਚ ਜਮ੍ਹਾਂ ਕੀਤੀ ਰਕਮ ਭਵਿੱਖ ਵਿਚ ਕੰਮ ਆਏਗੀ। ਨਾਟਕ ਦਾ ਸਿਖਰ ਸੀ 'ਬੈਂਕ ਫੇਲ੍ਹ ਹੋ ਗਿਆ ਹੈ।' ਤੀਜਾ ਨਾਟਕ ਹਿੰਦੀ ਵਿਚ ਇਕ ਕਾਮੇਡੀ ਸੀ, ਓਪਿੰਦਰ ਨਾਥ ਅਸ਼ਕ ਦੀ ਲਿਖੀ ਹੋਈ ਸੀ। ਉਸ ਵੇਲੇ ਹਿੰਦੀ ਪੰਜਾਬੀ ਦਾ ਵਿਵਾਦ ਸਿਖਰਾਂ 'ਤੇ ਸੀ। ਹਿੰਦੂ ਸੰਸਥਾਵਾਂ ਨਾਲ ਜੁੜੇ ਹੋਏ ਕਾਲਜ ਹਿੰਦੀ ਵਿਚ ਡਰਾਮਾ ਕਰਦੇ ਸਨ। ਖਾਲਸਾ ਸੰਸਥਾਵਾਂ ਨਾਲ ਜੁੜੇ ਹੋਏ ਪੰਜਾਬੀ ਵਿਚ ਅਤੇ ਸਰਕਾਰੀ ਕਾਲਜਾਂ ਵਾਲੇ ਚੋਣ ਤਿਆਰ ਕਰਾਉਣ ਵਾਲਿਆਂ ਦੀ ਮਰਜ਼ੀ ਅਨੁਸਾਰ ਕਰਦੇ ਹਨ। ਹੁਣ ਵੀ ਇਹ ਰੁਝਾਨ ਵੇਖਿਆ ਜਾਂਦਾ ਹੈ। 1955 ਦੇ ਇਹ ਤਿੰਨੇ ਨਾਟਕ ਮੈਨੂੰ ਕੱਲ੍ਹ ਦੀ ਤਰ੍ਹਾਂ ਯਾਦ ਹਨ ਕਿਉਂਕਿ ਇਸ ਯੁਵਕ ਮੇਲੇ 'ਤੇ ਵਿਦਿਆਰਥੀਆਂ ਦਾ ਜੋਸ਼ੋਖਰੋਸ਼ ਯਾਦ ਰੱਖਣ ਵਾਲਾ ਹੀ ਸੀ।

ਯੁਵਕ ਮੇਲਿਆਂ ਦਾ ਇਕ ਹੋਰ ਇਤਿਹਾਸਕ ਦੌਰ ਉਦੋਂ ਸ਼ੁਰੂ ਹੋਇਆ ਜਦੋਂ ਮਾਨਸਾ ਵਿਖੇ ਅਜਮੇਰ ਔਲਖ (ਪੰਜਾਬ ਯੂਨੀਵਰਸਿਟੀ ਪਟਿਆਲਾ) ਅਤੇ ਡਾ. ਆਤਮਜੀਤ (ਗੁਰੂ ਨਾਨਕ ਦੇਵ ਯੂਨੀਵਰਸਿਟੀ ਦੇ ਮੁਢਲੇ ਸਾਲਾਂ ਵਿਚ) ਨੇ ਯੁਵਕ ਮੇਲਿਆਂ ਵਿਚ ਆਪਣੀਆਂ ਕਿਰਤਾਂ ਨਾਲ ਪ੍ਰਵੇਸ਼ ਕੀਤਾ। ਅਜਮੇਰ ਔਲਖ ਦੇ ਨਾਟਕ ਅਰਬਦ ਨਰਬਦ ਧੁੰਧੂਕਾਰਾ, ਬਗਾਨੇ ਬੋਹੜ ਦੀ ਛਾਂ, ਮਿਰਜ਼ੇ ਦੀ ਮੌਤ, ਤੂੜੀ ਵਾਲਾ ਕੋਠਾ, ਇਕ ਰਾਮਾਇਣ ਹੋਰ ਆਦਿਕ ਸਾਰੇ ਹੀ ਨਾਟਕ ਪਹਿਲਾਂ ਯੁਵਕ ਮੇਲਿਆਂ ਲਈ ਤਿਆਰ ਕੀਤੇ ਗਏ ਅਤੇ ਉਨ੍ਹਾਂ ਸਾਰਿਆਂ ਨੇ ਯੁਵਕ ਮੇਲਿਆਂ ਵਿਚ ਢੇਰ ਸਾਰੇ ਇਨਾਮ ਜਿੱਤੇ। ਡਾ. ਆਤਮਜੀਤ ਸਰਕਾਰੀ ਕਾਲਜ ਅਜਨਾਲਾ ਵਿਚ ਸਨ ਜਦੋਂ ਪਲ ਦੀ ਉਡੀਕ, ਕੁੱਤਾ ਅਤੇ ਮਨੁੱਖ, ਚਾਬੀਆਂ, ਹਵਾ ਮਹਿਲ, ਅੰਨ੍ਹੇ-ਕਾਣੇ, ਖਾਨਿਆਂ ਵਾਲੀ ਇਮਾਰਤ ਆਦਿ ਸ਼ਾਹਕਾਰ ਨਾਟਕ ਉਨ੍ਹਾਂ ਨੇ ਯੁਵਕ ਮੇਲਿਆਂ 'ਤੇ ਪੇਸ਼ ਕੀਤੇ। ਡਾ. ਆਤਮਜੀਤ ਦੀਆਂ ਵੱਡੀਆਂ ਪ੍ਰਾਪਤੀਆਂ ਭਾਵੇਂ ਬਾਅਦ ਵਿਚ ਹੋਈਆਂ ਜਦੋਂ ਕੈਮਲੂਪਸ ਦੀਆਂ ਮੱਛੀਆਂ ਵਰਗੀਆਂ ਉੱਤਮ ਪੇਸ਼ਕਾਰੀਆਂ ਉਸ ਵਲੋਂ ਹੋਈਆਂ ਪਰ ਇਹ ਸਹਿਜੇ ਹੀ ਕਿਹਾ ਜਾ ਸਕਦਾ ਹੈ ਕਿ ਪ੍ਰੋ. ਅਜਮੇਰ ਔਲਖ ਅਤੇ ਡਾ. ਆਤਮਜੀਤ ਪੰਜਾਬੀ ਨਾਟਕਾਂ ਨੂੰ ਯੂਨੀਵਰਸਿਟੀ ਯੁਵਕ ਲਹਿਰ ਦੀ ਦੇਣ ਹਨ।

ਯੂਨੀਵਰਸਿਟੀ ਯੁਵਕ ਮੇਲਿਆਂ ਦੇ ਨਾਟਕਾਂ ਵਿਚ ਇਕ ਅਹਿਮ ਮੋੜ ਉਸ ਵੇਲੇ ਆਇਆ ਜਦੋਂ ਕਪੂਰਥਲਾ ਨਾਟਕ ਗਰੁੱਪ ਦੇ ਕਲਾਕਾਰਾਂ ਰਵੀ ਦੀਪਕ ਅਤੇ ਲਲਿਤ ਬਹਿਲ ਨੇ ਇਸ ਸਰਗਰਮੀ ਵਿਚ ਪ੍ਰਵੇਸ਼ ਕੀਤਾ। ਪਹਿਲਾਂ ਇਹੀ ਰਿਵਾਜ ਸੀ ਕਿ ਕਾਲਜ ਦੇ ਪ੍ਰੋਫੈਸਰ ਹੀ ਵਿਦਿਆਰਥੀਆਂ ਨੂੰ ਨਾਟਕ ਤਿਆਰ ਕਰਵਾਉਂਦੇ ਸਨ ਪਰ ਡੀ.ਏ.ਵੀ. ਕਾਲਜ ਜਲੰਧਰ ਅਤੇ ਫੇਰ ਦੁਆਬਾ ਕਾਲਜ ਜਲੰਧਰ ਨੇ ਇਹ ਪ੍ਰਿਤ ਪਾਈ ਕਿ ਬਾਹਰ ਦੇ ਨਿਰਦੇਸ਼ਕਾਂ ਨੂੰ ਨਾਟਕ ਤਿਆਰ ਕਰਵਾਉਣ ਦਾ ਕੰਮ ਦਿੱਤਾ ਜਾਏ ਅਤੇ ਉਹਦੇ ਲਈ ਖਰਚ ਵੀ ਕੀਤਾ ਜਾਏ। ਨਾਟਕਾਂ ਦਾ ਰੂਪ ਬਦਲਿਆ। ਰਵੀ ਦੀਪ ਦਾ 'ਰੰਗ ਨਗਰੀ' ਨਾਟਕ ਇਸ ਦੀ ਮਿਸਾਲ ਹੈ। ਕੰਪੋਜ਼ੀਸ਼ਨਾਂ ਉਤੇ ਜ਼ੋਰ ਦਿੱਤਾ ਗਿਆ। ਪ੍ਰਭਾਵਸ਼ਾਲੀ ਨਾਟਕ ਇਸ ਰੁਝਾਨ ਦੀ ਦੇਣ ਹਨ। ਇਹ ਹੁਣ ਇਕ ਸਥਾਪਤ ਪ੍ਰੈਕਟਿਸ ਹੈ। ਕਾਲਜਾਂ ਵਾਲੇ ਨਾਟਕ ਵਿਭਾਗਾਂ ਤੋਂ ਸਿੱਖੇ ਹੋਏ ਨਿਰਦੇਸ਼ਕਾਂ ਦੀਆਂ ਸੇਵਾਵਾਂ ਲੈਂਦੇ ਹਨ ਅਤੇ ਚੰਗੇ ਨਾਟਕ ਤਿਆਰ ਕਰਦੇ ਹਨ। ਨਾਟਕ ਦੀ ਕਲਾ ਵਿਚ ਇਹ ਇਕ ਜ਼ਿਕਰਯੋਗ ਵਾਧਾ ਹੈ।

ਪਿਛਲੇ ਕੁਝ ਸਾਲਾਂ ਤੋਂ ਯੁਵਕ ਮੇਲਿਆਂ ਵਿਚ ਪਾਲੀ ਭੁਪਿੰਦਰ ਸਿੰਘ ਦਾ ਨਾਂ ਬੜੇ ਉਭਰਵੇਂ ਰੂਪ ਵਿਚ ਅੱਗੇ ਆ ਰਿਹਾ ਹੈ। ਉਹਦੇ ਨਾਟਕ ਚੌਕ ਤੋਂ ਦਿੱਸਦਾ ਸ਼ਹਿਰ, ਮਿੱਟੀ ਦਾ ਬਾਵਾ, ਉਸ ਨੂੰ ਕਹੀਂ, ਜਦੋਂ ਮੈਂ ਸਿਰਫ ਔਰਤ ਹੁੰਦੀ ਹਾਂ ਬਹੁਤ ਹੀ ਪ੍ਰਭਾਵਸ਼ਾਲੀ ਨਾਟਕ ਹਨ। ਮੁਢਲੇ ਜ਼ੋਨ ਮੁਕਾਬਲਿਆਂ ਵਿਚ ਵੀ ਅਤੇ ਫੇਰ ਫਾਈਨਲ ਮੁਕਾਬਲਿਆਂ ਵਿਚ ਉਹ ਵਿਸ਼ੇਸ਼ ਪੁਜ਼ੀਸ਼ਨਾਂ ਜਿੱਤਦੇ ਹਨ।

ਯੂਨੀਵਰਸਿਟੀ ਯੁਵਕ ਨਾਟਕ ਮੁਕਾਬਲਿਆਂ ਵਿਚ ਜਿਸ ਤਰ੍ਹਾਂ ਮੈਂ ਸ਼ੁਰੂ ਵਿਚ ਹੀ ਜ਼ਿਕਰ ਕੀਤਾ ਹੈ, ਇਕ ਘਾਟ ਜੋ ਦਿੱਸਦੀ ਹੈ, ਉਹ ਵਿਸ਼ੇ ਦੀ ਚੋਣ ਹੈ। ਨਾਟਕ ਮੁਕਾਬਲਿਆਂ ਵਿਚ ਇਕ ਧਾਰਾ ਰੱਖੀ ਗਈ ਹੈ ਕਿ ਨਾਟਕ ਸਿਆਸਤ ਜਾਂ ਸਿਆਸੀ ਪਾਰਟੀਆਂ ਦੀ ਗੱਲ ਨਾ ਕਰਨ। ਇਸ ਕਰਕੇ ਇਹ ਵੇਖਿਆ ਗਿਆ ਹੈ ਕਿ ਬਹੁਤ ਸਾਰੇ ਨਾਟਕ ਸਿਆਸਤ ਵਿਚ ਆਏ ਭ੍ਰਿਸ਼ਟਾਚਾਰ ਦੀ ਗੱਲ ਤਾਂ ਕਰਦੇ ਹਨ ਪਰ ਇਕ ਪੜਾਅ 'ਤੇ ਆ ਕੇ ਖਤਮ ਕਰ ਦਿੰਦੇ ਹਨ। ਉਨ੍ਹਾਂ ਦੇ ਨਾਟਕ ਮੰਤਰੀਆਂ ਦਾ ਮਖੌਲ ਉਡਾਣ ਤਕ ਹੀ ਸੀਮਿਤ ਰਹਿ ਜਾਂਦੇ ਹਨ। ਇਸ ਦਾ ਪ੍ਰਭਾਵ ਦਰਸ਼ਕਾਂ ਤੇ ਵਿਸ਼ੇਸ਼ ਕਰਕੇ ਵਿਦਿਆਰਥੀਆਂ 'ਤੇ ਐਸਾ ਪੈਂਦਾ ਹੈ ਜਿਸ ਤਰ੍ਹਾਂ ਸਾਰੀ ਸਿਆਸਤ ਚੋਰਾਂ ਦਾ ਸ਼ੁਗਲ ਅਤੇ ਪੇਸ਼ਾ ਹੈ। ਉਨ੍ਹਾਂ ਨੇ ਇਸ ਤੋਂ ਕੀ ਲੈਣਾ ਦੇਣਾ ਹੈ, ਇਹ ਸੁਨੇਹਾ ਨੌਜਵਾਨਾਂ ਨੂੰ ਸਿਆਸਤ ਤੋਂ ਬੇਗਾਨਗੀ ਦਾ ਸੁਨੇਹਾ ਹੈ। ਇਹ ਨਹੀਂ ਭੁਲਣਾ ਚਾਹੀਦਾ ਕਿ ਸਿਆਸਤ ਤੋਂ ਬਿਨਾਂ ਦੇਸ਼ ਦੀ ਕੋਈ ਮੁਕਤੀ ਨਹੀਂ ਹੋ ਸਕਦੀ। ਸਹੀ ਸਿਆਸਤ ਦੀ ਪਛਾਣ ਜ਼ਰੂਰੀ ਹੈ। ਯੁਵਕ ਮੇਲਿਆਂ ਦੀ ਦੇਣ ਨੂੰ ਸਵੀਕਾਰ ਕਰਦੇ ਹੋਏ ਉਮੀਦ ਰੱਖਣੀ ਚਾਹੀਦੀ ਹੈ ਕਿ ਦਾਨਸ਼ਮੰਦ ਤਬਕਾ ਵਿਸ਼ਿਆਂ ਦੀ ਚੋਣ ਬਾਰੇ ਹੋਰ ਚੇਤਨ ਹੋ ਕੇ ਨਾਟਕ ਕਲਾ ਦੇ ਵਿਕਾਸ ਵਿਚ ਆਪਣਾ ਹਿੱਸਾ ਪਾਏਗਾ।